ਵੈਸਾਖ ਨਾਨਕਸ਼ਾਹੀ ਸੰਮਤ ੫੩੫

# ਗੁਰਦੁਆਰਾ ਗਜ਼ਟ

ਅਪ੍ਰੈਲ ੨੦੦੩

## ਨਾਨਕਸ਼ਾਹੀ ਕੈਲੰਡਰ ਵੈਸਾਖੀ ਤੇ ਰਿਲੀਜ਼



## ਨਾਨਕਸ਼ਾਹੀ ਕੈਲੰਡਰ ਸਮੁੱਚੇ ਸਿੱਖ ਜਗਤ ਨੇ ਪ੍ਰਵਾਨ ਕੀਤਾ

## ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਲਈ ਵੱਡੀ ਪ੍ਰਾਪਤੀ ਤੇ ਮਾਣ ਵਾਲੀ ਗੱਲ

## ਨਾਨਕਸ਼ਾਹੀ ਕੈਲੰਡਰ ਨਾਲ ਸਿੱਖਾਂ ਦੀ ਸੁਤੰਤਰ ਹਸਤੀ ਨੂੰ ਹੋਰ ਬਲ ਮਿਲਿਆ

ਕਾਰਜਕਾਰੀ ਸੰਪਾਦਕ : ਦਿਲਜੀਤ ਸਿੰਘ ਬੇਦੀ

# ਨਾਨਕਸ਼ਾਹੀ ਕੈਲੰਡਰ : ਖਾਲਸਾ ਪੰਥ ਲਈ ਜ਼ਰੂਰੀ ਕਿਉਂ?

ਕੈਲੰਡਰ ਭਾਵੇਂ ਕਿਸੇ ਵੀ ਕੌਮ ਜਾਂ ਦੇਸ਼ ਦਾ ਹੋਵੇ ਇਸ ਦਾ ਮੁੱਖ ਕਾਰਜ ਸਮੇਂ ਦੀ ਗਿਣਤੀ-ਮਿਣਤੀ ਤੋਂ ਇਲਾਵਾ ਕਿਸੇ ਕੌਮ ਲਈ ਧਾਰਮਿਕ ਤੌਰ 'ਤੇ ਪਵਿੱਤਰ ਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਦਿਨਾਂ ਨੂੰ ਇਤਿਹਾਸ ਦੇ ਪੰਨਿਆਂ ਉੱਤੇ ਅੰਕਿਤ ਕਰਨਾ ਹੁੰਦਾ ਹੈ। ਮਨੁੱਖੀ ਸੱਭਿਅਤਾ ਦੇ ਆਦਿ ਕਾਲ ਤੋਂ ਲੈ ਕੇ ਮਨੁੱਖ ਨੇ ਸਮੇਂ ਨੂੰ ਮਾਪਣ ਲਈ ਕਈ ਤਰ੍ਹਾਂ ਦੇ ਤਰੀਕੇ ਅਤੇ ਮਾਪਦੰਡ ਅਪਣਾਏ ਹਨ। ਵਿਸ਼ਵ ਦੀਆਂ ਵੱਖੋ ਵੱਖਰੀਆਂ ਕੌਮਾਂ ਤੇ ਧਰਮਾਂ ਨੇ ਆਪੋ-ਆਪਣੀ ਸੂਝ ਅਨੁਸਾਰ ਆਪਣੇ ਕੈਲੰਡਰ ਬਣਾਏ ਹਨ। ਇਹ ਕੈਲੰਡਰ ਸੂਰਜੀ *(Solar)* ਜਾਂ ਫਿਰ ਚੰਦ੍ਰ *(Lunar)* ਸਾਲ ਦੀ ਲੰਬਾਈ ਉੱਪਰ ਆਧਾਰਿਤ ਹਨ। ਭਾਰਤ ਵਿਚ ਸੂਰਜੀ ਤੇ ਚੰਦ੍ਰ ਦੋਨੋਂ ਕਿਸਮ ਦੇ ਕੈਲੰਡਰ ਪ੍ਰਚਲਿਤ ਹਨ। ਹੈਰਾਨੀਜਨਕ ਤੱਥ ਇਹ ਹੈ ਕਿ ਉੱਤਰੀ ਅਤੇ ਦੱਖਣੀ ਭਾਰਤ ਦੇ ਇਨ੍ਹਾਂ ਕੈਲੰਡਰਾਂ ਵਿਚ ਕੋਈ ਇਕਸਾਰਤਾ ਨਹੀਂ। ਜੇਕਰ ਉੱਤਰੀ ਭਾਰਤ ਵਿਚ ਚੰਦਰ ਸਾਲ ਅਨੁਸਾਰ ਕੋਈ ਮਹੀਨਾ ਪੂਰਨਮਾਸ਼ੀ 'ਤੇ ਖ਼ਤਮ ਹੁੰਦਾ ਹੈ ਤਾਂ ਉਹੀ ਮਹੀਨਾ ਦੱਖਣੀ ਭਾਰਤ ਵਿਚ ਮੱਸਿਆ ਉੱਤੇ ਖਤਮ ਹੁੰਦਾ ਹੈ। ੧੯੫੨ ਈ. ਵਿਚ ਭਾਰਤ ਸਰਕਾਰ ਨੇ ਸਾਕਾ ਸੰਮਤ ਨੂੰ ਸਰਕਾਰੀ ਕੈਲੰਡਰ ਦੇ ਤੌਰ 'ਤੇ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਇਹ ਸਿਰਫ ਸਰਕਾਰੀ ਤੌਰ 'ਤੇ ਛਪਣ ਵਾਲੇ ਕੈਲੰਡਰਾਂ ਤੇ ਡਾਇਰੀਆਂ ਦਾ ਸ਼ਿੰਗਾਰ ਬਣ ਕੇ ਹੀ ਰਹਿ ਗਿਆ ਹੈ। ਸੱਚਾਈ ਇਹ ਹੈ ਕਿ ਸਰਕਾਰ ਤੇ ਆਮ ਲੋਕਾਂ ਨੇ ਰੋਜ਼ਾਨਾ ਕਾਰ ਵਿਹਾਰ ਲਈ ਤੇ ਆਪਣੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਾਸਤੇ ਜਨਵਰੀ-ਫਰਵਰੀ ਵਾਲੇ ਸਾਂਝੇ ਕੈਲੰਡਰ ਨੂੰ ਅਪਣਾ ਲਿਆ ਹੈ।

ਸੰਸਾਰ ਦੀਆਂ ਬਹੁਤ ਸਾਰੀਆਂ ਕੌਮਾਂ ਤੇ ਧਰਮਾਂ ਨੇ ਆਪੋ-ਆਪਣੇ ਕੈਲੰਡਰ ਬਣਾਏ ਹੋਏ ਹਨ। ਮਿਸਾਲ ਦੇ ਤੌਰ 'ਤੇ ਯਹੂਦੀਆਂ, ਹਿੰਦੂਆਂ, ਈਸਾਈਆਂ ਤੇ ਮੁਸਲਮਾਨਾਂ ਦੇ ਆਪੋ-ਆਪਣੇ ਕੈਲੰਡਰ ਹਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਨਾਨਕਸ਼ਾਹੀ ਸੰਮਤ ਸਿੱਖ ਇਤਿਹਾਸ ਦੀਆਂ ਕਿਤਾਬਾਂ ਅਤੇ ਡਾਇਰੀਆਂ ਵਿਚ ਅੰਕਿਤ ਹੁੰਦਾ ਰਿਹਾ ਹੈ। ਪੁਰਾਣੇ ਇਤਿਹਾਸਕਾਰਾਂ ਤੇ ਜੋਤਸ਼ੀਆਂ ਨੇ ਨਾਨਕਸ਼ਾਹੀ ਸੰਮਤ ਦਾ ਆਰੰਭ ੧੫੨੬ ਬਿ: ਮੁਤਾਬਕ ੧੪੬੯ ਈ. ਤੋਂ ਮਿੱਥ ਕੇ ਮਹੀਨਿਆਂ ਦੇ ਦਿਨ, ਤਾਰੀਖ਼ਾਂ ਤੇ ਤਿਥਾਂ, ਬਿਕ੍ਰਮੀ ਕੈਲੰਡਰ ਵਾਲੀਆਂ ਹੀ ਅਪਣਾਈਆਂ ਸਨ। ਭਾਰਤ ਵਿਚ ਪ੍ਰਚਲਿਤ ਸੂਰਜੀ ਤੇ ਚੰਦਰ ਸਾਲ ਕੈਲੰਡਰਾਂ ਵਿਚ ਕਈ ਕਿਸਮ ਦੀਆਂ ਤਰੁੱਟੀਆਂ ਹਨ। ਖਾਸ ਤੌਰ 'ਤੇ ਚੰਦਰ ਸਾਲ ਅਨੁਸਾਰ ਨਿਸਚਿਤ ਕੀਤੇ ਗੁਰਪੁਰਬ ਸਾਲ ਦੇ ੩੬੫ ਦਿਨਾਂ ਵਿਚ ਕਿਸੇ ਪੱਕੀ ਤਾਰੀਖ ਉੱਪਰ ਆਉਣ ਦੀ ਬਜਾਏ ਅੱਗੇ-ਪਿੱਛੇ ਹੁੰਦੇ ਰਹਿੰਦੇ ਹਨ। ਇਸ ਦੇ ਕੁਝ ਕਾਰਨ ਹਨ। ਚੰਦ੍ਰ ਸਾਲ ਦਾ ਹਰ ਮਹੀਨਾ ਪੂਰਨਮਾਸ਼ੀ ਤੋਂ ਪੂਰਨਮਾਸ਼ੀ ਜਾਂ ਮੱਸਿਆ ਤੋਂ ਮੱਸਿਆ ਤਕ ਚਲਦਾ ਹੈ। ਇਸ ਤਰ੍ਹਾਂ ਚੰਦ੍ਰਮਾਂ ਅਨੁਸਾਰ ਪੂਰਾ ਸਾਲ ੩੫੪ ਦਿਨਾਂ ਦਾ ਹੁੰਦਾ ਹੈ, ਭਾਵ ਸੂਰਜੀ ਸਾਲ ਨਾਲੋਂ ੧੧ ਦਿਨ ਘੱਟ ਹੁੰਦਾ ਹੈ। ਪਰ ਚੰਦ੍ਰ ਸਾਲ ਨੂੰ ਸੂਰਜੀ ਸਾਲ ਨਾਲ ਮਿਲਾਈ ਰੱਖਣ ਲਈ ਪੰਡਿਤ ਲੋਕ ਹਰ ਤੀਜੇ ਜਾਂ ਚੌਥੇ ਸਾਲ ਚੰਦ੍ਰ ਸਾਲ ਦੇ ਮਹੀਨਿਆਂ ਦੀ ਗਿਣਤੀ ੧੨ ਦੀ ਬਜਾਇ ੧੩ ਕਰ ਦਿੰਦੇ ਹਨ। ਇਉਂ ਕਈ ਵਾਰੀ ਚੰਦ੍ਰ ਸਾਲ ਵਿਚ ਇਕੋ ਨਾ ਦੇ ਦੋ ਮਹੀਨੇ ਹੁੰਦੇ ਹਨ। ਇਸ ਨਵੇਂ ਜੋੜੇ ਜਾਂ ਵਾਧੂ ਮਹੀਨੇ ਨੂੰ ਲੌਂਦ ਦਾ ਮਹੀਨਾ ਜਾਂ ਮਲਮਾਸ ਕਿਹਾ ਜਾਂਦਾ ਹੈ। ਇਸ ਨੂੰ ਅਸ਼ੁੱਭ ਮੰਨਦੇ ਹੋਏ ਇਸ ਮਹੀਨੇ ਵਿਚ ਕਿਸੇ ਵੀ ਪ੍ਰਕਾਰ ਦਾ ਧਾਰਮਿਕ ਜਾਂ ਇਤਿਹਾਸਕ ਦਿਹਾੜਾ ਨਹੀਂ ਮਨਾਇਆ ਜਾਂਦਾ। ਨਤੀਜੇ ਵਜੋਂ ਮਲਮਾਸ ਤੋਂ ਬਾਅਦ ਆਉਣ ਵਾਲੇ ਗੁਰਪੁਰਬ ਪਿਛਲੇ ਸਾਲ ਨਾਲੋਂ ੧੮/੧੯ ਦਿਨ ਲੇਟ ਹੋ ਜਾਂਦੇ ਹਨ। ਇਸੇ ਕਰਕੇ ਚੰਦ੍ਰ ਸਾਲ ਅਨੁਸਾਰ ਮਨਾਏ ਜਾਣ ਵਾਲੇ ਗੁਰਪੁਰਬ ਤੇ ਦਿਹਾੜੇ ੩੬੫ ਦਿਨਾਂ ਵਿਚ

ਕਿਸੇ ਇਕ ਪੱਖੀ ਤਾਰੀਖ ਉੱਪਰ ਆਉਣ ਦੀ ਬਜਾਏ ਅੱਗੇ ਪਿੱਛੇ ਹੁੰਦੇ ਰਹਿੰਦੇ ਹਨ। ਉਦਾਹਰਣ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ (ਪੋਹ ਸੁਦੀ ੭) ਕਈ ਵਾਰ ਸਾਂਝੇ ਸਾਲ ਵਿਚ ਦੋ ਵਾਰ ਤੇ ਕਈ ਵਾਰ ਉੱਕਾ ਹੀ ਨਹੀਂ ਆਉਂਦਾ, ਜੋ ਕਿ ਬੜੀ ਹਾਸੋਹੀਣੀ ਸਥਿਤੀ ਪੈਦਾ ਕਰਦਾ ਹੈ। ਸੋ ਇਹ ਅਤਿ ਜ਼ਰੂਰੀ ਹੈ ਕਿ ਚੰਦ੍ਰ ਸਾਲ ਦਾ ਤਿਆਗ ਕਰਕੇ ਸਿੱਖ ਇਤਿਹਾਸ ਦੀਆਂ ਸਹੀ ਤਾਰੀਖਾਂ ਜੋ ਕੈਲੰਡਰ ਵਿਚ ਹਮੇਸ਼ਾ ਸਥਿਰ ਰਹਿਣ ਨਿਸ਼ਚਿਤ ਕਰ ਲਈਆਂ ਜਾਣ। ਇਸ ਵਾਸਤੇ ਸਿੱਖ ਪੰਥ ਲਈ ਇਕ ਆਧੁਨਿਕ ਤੇ ਸਾਇੰਟਿਫਿਕ ਕੈਲੰਡਰ ਦੀ ਲੋੜ ਬੜੀ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ।

ਭਾਰਤ ਵਿਚ ਸੂਰਜ ਅਨੁਸਾਰ ਪ੍ਰਚਲਿਤ ਬਿਕ੍ਰਮੀ ਕੈਲੰਡਰ ਦਾ ਸਾਲ ਮੌਸਮੀ ਸਾਲ ਨਹੀਂ ਹੈ। ਸਮੇਂ ਦੇ ਬੀਤਣ ਨਾਲ ਇਸ ਦੇ ਮਹੀਨੇ ਮੌਸਮਾਂ ਤੋਂ ਅਲਹਿਦਾ ਹੋ ਜਾਣਗੇ। ਇਸ ਦਾ ਮੁੱਖ ਕਾਰਨ ਬਿਕ੍ਰਮੀ ਸਾਲ ਦਾ ਮੌਸਮੀ ਸਾਲ ਨਾਲੋਂ ਤਕਰੀਬਨ ੨੦ ਮਿੰਟ ਵੱਧ ਹੋਣਾ ਹੈ। ਇਸ ਦੇ ਉਲਟ ਸਾਂਝੇ ਸਾਲ ਦਾ ਮੌਸਮੀ ਸਾਲ ਨਾਲੋਂ ਫ਼ਰਕ ੨੬ ਸੈਕਿੰਡ ਵੱਧ ਹੈ। ਉਪਰੋਕਤ ਕਾਰਨਾਂ ਕਰਕੇ ਜਿੱਥੇ ੩੩੦੦ ਸਾਲਾਂ ਵਿਚ ਸਾਂਝੇ ਸਾਲ ਦਾ ਮੌਸਮੀ ਸਾਲ ਨਾਲੋਂ ਇਕ ਦਿਨ ਦਾ ਫਰਕ ਪਵੇਗਾ ਉਥੇ ਬਿਕ੍ਰਮੀ ਕੈਲੰਡਰ ਅਨੁਸਾਰ ੭੦/੭੧ ਸਾਲਾਂ ਵਿਚ ਇਕ ਦਿਨ ਦਾ ਫ਼ਰਕ ਪੈ ਜਾਏਗਾ। ਇਹ ਫ਼ਰਕ ਬਿਕ੍ਰਮੀ ਕੈਲੰਡਰ ਅਨੁਸਾਰ ਆਈਆਂ ਜਾਂ ਆਉਣ ਵਾਲੀਆਂ ਵੈਸਾਖੀ ਦੀਆਂ ਤਾਰੀਖ਼ਾਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ:

| ਬਿਕ੍ਰਮੀ ਸੰਮਤ | ਵੈਸਾਖੀ |
|---|---|
| ੧੭੫੩ | ੯ ਅਪ੍ਰੈਲ |
| ੧੭੯੯ | ੧੦ ਅਪ੍ਰੈਲ |
| ੧੮੯੯ | ੧੨ ਅਪ੍ਰੈਲ |
| ੧੯੯੯ | ੧੪ ਅਪ੍ਰੈਲ |
| ੨੧੦੦ | ੧੫ ਅਪ੍ਰੈਲ |
| ੨੧੯੯ | ੧੬ ਅਪ੍ਰੈਲ |

ਉਪਰੋਕਤ ਦ੍ਰਿਸ਼ਟੀ ਤੋਂ ਬਿਕ੍ਰਮੀ ਸਾਲ ਅਨੁਸਾਰ ਪਹਿਲੀ ਵੈਸਾਖ ਭਾਵ ਵੈਸਾਖੀ ਤਕਰੀਬਨ ੧੧੦੦ ਸਾਲ ਬਾਅਦ ਅਪ੍ਰੈਲ ਦੀ ਬਜਾਏ ਮਈ ਮਹੀਨੇ ਵਿਚ ਚਲੀ ਜਾਵੇਗੀ। ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ੧੩੦੦੦ ਸਾਲ ਬਾਅਦ ਇਹ ਵੈਸਾਖੀ ਅਕਤੂਬਰ ਦੇ ਅੱਧ ਵਿਚ ਆਵੇਗੀ। ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹ ਮਾਹ ਤੁਖਾਰੀ ਤੇ ਬਾਰਹ ਮਾਹ ਮਾਂਝ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਗੁਰੂ ਸਾਹਿਬਾਨ ਨੇ ਇਨ੍ਹਾਂ ਬਾਣੀਆਂ ਵਿਚਲਾ ਅਧਿਆਤਮਕ ਸੰਦੇਸ਼ ਜਨ-ਸਾਧਾਰਣ ਤੱਕ ਪਹੁੰਚਾਉਣ ਲਈ ਮਹੀਨਿਆਂ ਅਨੁਸਾਰ ਮੌਸਮਾਂ ਰਾਹੀਂ ਬਿਆਨ ਕੀਤਾ ਹੈ:

*੧. ਆਸਾੜੁ ਤਪੰਦਾ ਤਿਸੁ ਲਗੈ*
*ਹਰਿ ਨਾਹੁ ਨ ਜਿੰਨਾ ਪਾਸ॥...*

*(ਬਾਰਹ ਮਾਹਾ ਮਾਝ ਮ. ੫)*

*੨. ਪੋਖਿ ਤੁਖਾਰੁ ਨ ਵਿਆਪਈ*
*ਕੰਠਿ ਮਿਲਿਆ ਹਰਿ ਨਾਹੁ॥...*

*(ਬਾਰਹ ਮਾਹਾ ਮਾਝ ਮ. ੫)*

*੩. ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥*
*ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥...*

*(ਬਾਰਹ ਮਾਹਾ ਤੁਖਾਰੀ ਮ. ੧)*

*੪. ਵੈਸਾਖੁ ਭਲਾ ਸਾਖਾ ਵੇਸ ਕਰੇ॥*

*(ਬਾਰਹ ਮਾਹਾ ਤੁਖਾਰੀ ਮ. ੧)*

*੫. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥*
*ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥...*

*(ਬਾਰਹ ਮਾਹਾ ਤੁਖਾਰੀ ਮ. ੧)*

*੬. ਆਸਾੜੁ ਭਲਾ ਸੂਰਜੁ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*
*ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥...*

*(ਬਾਰਹ ਮਾਹਾ ਤੁਖਾਰੀ ਮ. ੧)*

*੭. ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥*
*ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥...*

*(ਬਾਰਹ ਮਾਹਾ ਤੁਖਾਰੀ ਮ. ੧)*

ਜੇਕਰ ਬਿਕ੍ਰਮੀ ਕੈਲੰਡਰ ਮੌਜੂਦਾ ਰੂਪ ਵਿਚ ਚਲਦਾ ਰਿਹਾ ਤਾ ਗੁਰਬਾਣੀ ਵਿਚ ਮਹੀਨਿਆਂ ਦਾ ਮੌਸਮਾਂ ਤੇ ਰੁਤਾਂ ਨਾਲੋਂ ਸੰਬੰਧ ਟੁੱਟ ਜਾਵੇਗਾ। ਗੁਰਬਾਣੀ ਵਿਚ ਵਰਣਨ ਮਹੀਨੇ ਦੀ ਰੁਤ ਕਿਸੇ ਹੋਰ ਹੀ ਮਹੀਨੇ ਵਿਚ ਆਇਆ

ਕਰੇਗੀ। ਇਸ ਕਰਕੇ ਪ੍ਰਚਲਿਤ ਬਿਕ੍ਰਮੀ ਕੈਲੰਡਰ ਸਿੱਖ ਪੰਥ ਲਈ ਢੁੱਕਵਾਂ ਨਹੀਂ। ਸਿੱਖ ਪੰਥ ਨੂੰ ਇਕ ਅਜਿਹੇ ਸੂਰਜੀ ਕੈਲੰਡਰ ਦੀ ਲੋੜ ਹੈ ਜੋ ਹਮੇਸ਼ਾ ਮੌਸਮਾਂ ਨਾਲ ਬੱਝਿਆ ਰਹੇ।

ਖੁਸ਼ਕਿਸਮਤੀ ਨਾਲ ਕੈਨੇਡਾ ਨਿਵਾਸੀ ਸ. ਪਾਲ ਸਿੰਘ ਪੁਰੇਵਾਲ ਕੈਲੰਡਰਾਂ ਸੰਬੰਧੀ ਪਹਿਲੋਂ ਹੀ ਅਧਿਐਨ ਕਰ ਰਹੇ ਸਨ। ਉਨ੍ਹਾਂ ਨੇ ਆਪਣੀ ਖੋਜ ਉਪਰ ਆਧਾਰਿਤ ੫੦੦ ਸਾਲਾ ਜੰਤਰੀ (੧੯੯੪) ਵੀ ਪ੍ਰਕਾਸ਼ਿਤ ਕਰਵਾਈ ਜਿਸ ਵਿਚ ੧੪੬੯ ਈ. ਤੋਂ ਲੈ ਕੇ ੨੦੦੦ ਈ. ਤੱਕ ਦੇ ਸਾਂਝੇ ਸੰਮਤ, ਬਿਕ੍ਰਮੀ ਸੰਮਤ-ਸੂਰਜੀ ਤੇ ਚੰਦ੍ਰ ਸਾਲ, ਹਿਜਰੀ ਸੰਮਤ ਦੀਆਂ ਤਾਰੀਖਾਂ ਦਿੱਤੀਆਂ ਹਨ। ਇਤਿਹਾਸਕਾਰਾਂ ਲਈ ਇਹ ਕਿਤਾਬ ਬਹੁਤ ਹੀ ਉਪਯੋਗੀ ਖੋਜ ਸੰਦ ਹੈ ਜਿਸ ਦੀ ਸਹਾਇਤਾ ਨਾਲ ਤਾਰੀਖਾਂ ਦੀ ਪੜਚੋਲ ਤੇ ਇਨ੍ਹਾਂ ਦੀ ਇਕ ਸੰਮਤ ਤੋਂ ਦੂਸਰੇ ਵਿਚ ਤਬਦੀਲੀ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਸ. ਪਾਲ ਸਿੰਘ ਪੁਰੇਵਾਲ ਨੇ ਕੈਲੰਡਰਾਂ ਬਾਰੇ ਆਪਣੀ ਖੋਜ ਡਾ. ਜਸਬੀਰ ਸਿੰਘ ਮਾਨ ਕੈਲੀਫੋਰਨੀਆ ਨਾਲ ਸਾਂਝੀ ਕੀਤੀ। ਡਾ. ਮਾਨ, ਪੁਰੇਵਾਲ ਹੁਰਾਂ ਦੀ ਖੋਜ ਤੋਂ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਨੇ ਪੁਰੇਵਾਲ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਵਿਚਾਰ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਕੰਮ ਕਰ ਰਹੇ ਸਿੱਖ ਵਿਦਵਾਨਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਨਾਲ ਵੀ ਸਾਂਝੇ ਕਰਨ। ਡਾ. ਮਾਨ ਨੇ ਪੰਜਾਬ ਵਿਚਲੇ ਸਿੱਖ ਵਿਦਵਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਸ. ਪੁਰੇਵਾਲ ਦੇ ਕੈਲੰਡਰ 'ਤੇ ਸੈਮੀਨਾਰ ਆਯੋਜਿਤ ਕਰਨ ਲਈ ਪ੍ਰੇਰਿਤ ਕੀਤਾ। ੧੯੯੪-੧੯੯੫ ਵਿਚ ਸ. ਪਾਲ ਸਿੰਘ ਪੁਰੇਵਾਲ ਨੇ ਭਾਰਤ ਵਿਚ ਪ੍ਰਚਲਿਤ ਸੂਰਜੀ ਤੇ ਚੰਦ੍ਰ ਸਾਲ ਕੈਲੰਡਰ ਦੀਆਂ ਊਣਤਾਈਆਂ ਵੱਲ ਧਿਆਨ ਦਿਵਾਇਆ ਤੇ ਇਸ ਮਕਸਦ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ, ਵਿਸ਼ਵ ਸਿੱਖ ਸੰਮੇਲਨ ਅੰਮ੍ਰਿਤਸਰ (੧੯੯੫); ਅਕੈਡਮੀ ਆਫ਼ ਸਿੱਖ ਰਿਲੀਜ਼ਨ ਐਂਡ ਕਲਚਰ ਪਟਿਆਲਾ ਆਦਿ ਥਾਵਾਂ ਉੱਪਰ ਸੈਮੀਨਾਰ ਵੀ ਕੀਤੇ। ਇਨ੍ਹਾਂ ਸੈਮੀਨਾਰਾਂ ਵਿਚ ਜਿਥੇ ਪ੍ਰਚਲਿਤ ਕੈਲੰਡਰਾਂ ਦੀਆਂ ਖਾਮੀਆਂ ਉਜਾਗਰ ਹੋਈਆਂ ਉਥੇ ਸਿੱਖ ਪੰਥ ਲਈ ਇਕ ਢੁਕਵੇਂ ਕੈਲੰਡਰ ਦੀ ਲੋੜ ਨੂੰ ਭਰਪੂਰ ਹੁੰਗਾਰਾ ਮਿਲਿਆ। ੧੯੯੬ ਈ. ਤਕ ਵਿਦਵਾਨਾਂ ਦੀਆਂ ਬੈਠਕਾਂ ਤੇ ਗੋਸ਼ਟੀਆਂ ਵਿਚ ਸਿੱਖ ਪੰਥ ਲਈ ਢੁਕਵੇਂ ਕੈਲੰਡਰ ਦੀ ਜ਼ਰੂਰਤ ਉੱਪਰ ਵਿਚਾਰ-ਵਟਾਂਦਰਾ ਜਾਰੀ ਰਿਹਾ। ਇਸ ਦੇ ਸਿੱਟੇ ਵਜੋਂ ਨਾਨਕਸ਼ਾਹੀ ਕੈਲੰਡਰ ਦੀ ਮੁੱਢਲੀ ਰੂਪ-ਰੇਖਾ ਹੋਂਦ ਵਿਚ ਆਈ। ਇਸ ਉਪਰੰਤ ਸਿੱਖ-ਇਤਿਹਾਸ ਦੀਆਂ ਤਾਰੀਖਾਂ ਨੂੰ ਬਹੁਤ ਘੋਖ ਵਿਚਾਰ ਉਪਰੰਤ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਦਾ ਸਿਲਸਿਲਾ ਆਰੰਭ ਹੋਇਆ। ਇਸ ਵਿਚ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਸੰਬੰਧਤ ਇਤਿਹਾਸਕਾਰਾਂ ਤੋਂ ਇਲਾਵਾ ਹੋਰਨਾਂ ਵਿਦਵਾਨਾਂ ਨੇ ਵੀ ਬੜੀ ਦਿਲਚਸਪੀ ਵਿਖਾਈ ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਵਿਦਵਾਨਾਂ ਦੇ ਅਕਾਦਮਿਕ ਤੇ ਟੈਕਨੀਕਲ ਪ੍ਰਸ਼ਨਾਂ ਦੇ ਹੱਲ ਲਈ ਸ. ਪਾਲ ਸਿੰਘ ਪੁਰੇਵਾਲ ਨੂੰ ਕੈਨੇਡਾ ਤੋਂ ਕਈ ਵਾਰ ਭਾਰਤ ਵੀ ਆਉਣਾ ਪਿਆ। ਇਉਂ ਨਾਨਕਸ਼ਾਹੀ ਕੈਲੰਡਰ ਦਾ ਜੋ ਖਰੜਾ ਤਿਆਰ ਹੋਇਆ ਉਹ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। ੧੯੯੮ ਈ. ਦੇ ਬਜਟ ਸੈਸ਼ਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ (੧੫-੧-੯੮) ਤੇ ਜਨਰਲ ਹਾਊਸ (੧੮.੩-੯੮) ਨੇ ਇਸ ਕੈਲੰਡਰ ਨੂੰ ਪ੍ਰਵਾਨ ਕਰਦਿਆਂ ਜਨਵਰੀ ੧੯੯੯ ਤੋਂ ਇਸ ਨੂੰ ਲਾਗੂ ਕਰਨ ਦੇ ਮਤੇ ਪਾਸ ਕਰ ਦਿੱਤੇ।

ਨਾਨਕਸ਼ਾਹੀ ਕੈਲੰਡਰ ਲਾਗੂ ਤਾਂ ਹੋ ਗਿਆ ਪਰ ਕੁਝ ਜਥੇਬੰਦੀਆਂ ਤੇ ਵਿਅਕਤੀਆਂ ਦੁਆਰਾ ਉਠਾਏ ਗਏ ਸ਼ੰਕਿਆਂ ਕਾਰਨ ਇਸ ਉਪਰ ਅਮਲ ਰੋਕ ਦਿੱਤਾ ਗਿਆ। ਇਸ ਉੱਪਰ ਮੁੜ ਵਿਚਾਰ ਕਰਨ ਲਈ ਇਕ ਸੱਤ-ਮੈਂਬਰੀ ਕਮੇਟੀ ਨਿਯੁਕਤ ਕਰ ਦਿੱਤੀ ਗਈ। ਅਖ਼ਬਾਰਾਂ ਵਿਚ ਇਹ ਪ੍ਰਕਾਸ਼ਿਤ ਕਰਵਾਇਆ ਗਿਆ ਕਿ ਜਿਸ ਕਿਸੇ ਨੂੰ ਨਾਨਕਸ਼ਾਹੀ ਕੈਲੰਡਰ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ੨੨ ਫਰਵਰੀ ੧੯੯੯ ਨੂੰ ਤੇਜਾ ਸਿੰਘ ਸਮੁੰਦਰੀ

ਹਾਲ ਵਿਖੇ ਹੋਣ ਵਾਲੀ ਮੀਟਿੰਗ ਵਿਚ ਆਵੇ ਤੇ ਆਪਣੇ ਵਿਚਾਰ ਪ੍ਰਗਟਾਵੇ। ਉਪਰੋਕਤ ਮੀਟਿੰਗ ਵਿਚ ਜਿਥੇ ਸ. ਪਾਲ ਸਿੰਘ ਪੁਰੇਵਾਲ ਦੀ ਨਾਨਕਸ਼ਾਹੀ ਕੈਲੰਡਰ ਨੂੰ ਬਨਾਉਣ ਲਈ ਸ਼ਲਾਘਾ ਕੀਤੀ ਗਈ ਉਥੇ ਇਹ ਵੀ ਫੈਸਲਾ ਕੀਤਾ ਗਿਆ ਕਿ ੧੫ ਅਪ੍ਰੈਲ ੧੯੯੯ ਤੱਕ ਵਾਦ-ਵਿਵਾਦ ਵਾਲੇ ਸਾਰੇ ਮਸਲੇ ਮੁਲਤਵੀ ਕਰ ਦਿੱਤੇ ਜਾਣ। ਜੂਨ ੧੯੯੯ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਪਰ ਫਿਰ ਵਿਚਾਰ ਕਰਨ ਖਾਤਰ ਅਮਲ ਰੋਕ ਲਿਆ ਗਿਆ। ਨਵੰਬਰ ਤੇ ਦਸੰਬਰ ੧੯੯੯ ਵਿਚ ਇਸ ਮਸਲੇ ਨੂੰ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੋ ਮੀਟਿੰਗਾਂ ਹੋਈਆਂ। ਅੰਤ ਇਕ ਹੋਰ ਸੱਤ ਮੈਂਬਰੀ ਕਮੇਟੀ ਇਸ ਉੱਪਰ ਵਿਚਾਰ ਕਰਨ ਲਈ ਗਠਿਤ ਕੀਤੀ ਗਈ। ਇਸ ਦੀ ਪਹਿਲੀ ਮੀਟਿੰਗ ੬ ਜਨਵਰੀ ੨੦੦੦ ਨੂੰ ਹੋਈ ਜਿਸ ਵਿਚ ਇਸ ਕੈਲੰਡਰ ਦੀ ਪੰਥ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਲਈ ਸੈਮੀਨਾਰ ਕਰਵਾਉਣ ਦਾ ਨਿਰਣਾ ਲਿਆ ਗਿਆ। ਦੋ-ਤਿੰਨ ਸਾਲ ਇੰਜ ਹੀ ਬੀਤ ਗਏ ਤੇ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਲਟਕਦਾ ਰਿਹਾ। ਇਸ ਦੌਰਾਨ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਤੇ ਪੰਥਕ ਪ੍ਰਤੀਨਿਧਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਰ ਬਾਰ ਇਹ ਬੇਨਤੀ ਕੀਤੀ ਗਈ ਕਿ ਨਾਨਕਸ਼ਾਹੀ ਕੈਲੰਡਰ ਦੇ ਮਸਲੇ ਨੂੰ ਜਲਦੀ ਤੋਂ ਜਲਦੀ ਸੁਲਝਾਇਆ ਜਾਵੇ। ਜੂਨ ੫, ੨੦੦੧ ਨੂੰ ਧਰਮ ਪ੍ਰਚਾਰ ਕਮੇਟੀ ਨੇ ਮਤਾ ਪਾਸ ਕਰਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਾਨਕਸ਼ਾਹੀ ਕੈਲੰਡਰ ਦਾ ਵਾਦ-ਵਿਵਾਦ ਸੁਲਝਾਉਣ ਲਈ ਫਿਰ ਬੇਨਤੀ ਕੀਤੀ। ਨਵੰਬਰ ੨੦੦੨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕੀਤੀ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਅੰਤਿਮ ਨਿਰਣ ਕਰਨ ਲਈ ਕਦਮ ਚੁੱਕੇ ਜਾਣ। ਫਲਸਰੂਪ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਜਨਵਰੀ ੮, ੨੦੦੩ ਨੂੰ ਸਿੱਖ ਇਤਿਹਾਸਕਾਰਾਂ, ਵਿਦਵਾਨਾਂ ਤੇ ਕੈਲੰਡਰ ਮਾਹਿਰਾਂ ਦੀ ੧੧ ਮੈਂਬਰੀ ਕਮੇਟੀ ਨਿਯੁਕਤ ਕੀਤੀ ਤਾਂ ਕਿ ਨਾਨਕਸ਼ਾਹੀ ਕੈਲੰਡਰ ਉੱਪਰ ਮੁੜ ਵਿਚਾਰ ਕਰਕੇ ਖੁੱਲ੍ਹੇ ਦਿਮਾਗ ਤੇ ਸੁਹਿਰਦਤਾ ਭਰਪੂਰ ਤਰੀਕੇ ਰਾਹੀਂ ਕੋਈ ਅੰਤਿਮ ਨਿਰਣਾ ਕੀਤਾ ਜਾ ਸਕੇ। ਇਸ ਕਮੇਟੀ ਦੇ ਮੈਂਬਰ ਹੇਠ ਲਿਖੇ ਸਨ:

੧. ਪ੍ਰੋ. ਕਿਰਪਾਲ ਸਿੰਘ, ਚੰਡੀਗੜ੍ਹ।

੨. ਪ੍ਰੋ. ਦਰਸ਼ਨ ਸਿੰਘ, ਚੰਡੀਗੜ੍ਹ।

੩. ਪ੍ਰੋ. ਗੁਰਨਾਮ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੪. ਪ੍ਰੋ. ਜੋਧ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

੫. ਡਾ. ਬਲਵੰਤ ਸਿੰਘ ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

੬. ਡਾ. ਕੁਲਵਿੰਦਰ ਸਿੰਘ ਬਾਜਵਾ, ਖਾਲਸਾ ਕਾਲਜ, ਅੰਮ੍ਰਿਤਸਰ।

੭. ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵੜ, ਪੱਟੀ, ਅੰਮ੍ਰਿਤਸਰ।

੮. ਸ. ਅਜੀਤ ਸਿੰਘ ਪੁਰੇਵਾਲ, ਸ਼ਰੀਫ਼ਪੁਰਾ, ਅੰਮ੍ਰਿਤਸਰ।

੯. ਪ੍ਰਿੰਸੀਪਲ ਅਮਰਜੀਤ ਸਿੰਘ, ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ।

੧੦. ਬੀਬੀ ਕਿਰਨਜੋਤ ਕੌਰ, ਅੰਮ੍ਰਿਤਸਰ।

੧੧. ਸ. ਪਾਲ ਸਿੰਘ ਪੁਰੇਵਾਲ, ਕੈਨੇਡਾ।

ਇਸ ਕਮੇਟੀ ਦੀ ਪਹਿਲੀ ਮੀਟਿੰਗ ਜਨਵਰੀ ੧੬, ੨੦੦੩ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿਚ ਸਿੱਖ ਪੰਥ ਲਈ ਨਾਨਕਸ਼ਾਹੀ ਕੈਲੰਰ ਦੀ ਲੋੜ ਨੂੰ ਅਸੂਲਨ ਤੌਰ 'ਤੇ ਪ੍ਰਵਾਨ ਕਰਦਿਆਂ ਇਸ ਉੱਪਰ ਲਗਾਏ ਦੋਸ਼ਾਂ 'ਤੇ ਉਠਾਏ ਸ਼ੰਕਿਆਂ ਦੇ ਸਮਾਧਾਨ ਲਈ ਵਿਦਵਾਨਾਂ ਤੇ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਸੱਦੇ ਪੱਤਰ ਭੇਜਣ ਦਾ ਫੈਸਲਾ ਵੀ ਲਿਆ ਗਿਆ। ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਅਗਲੀ ਮੀਟਿੰਗ ਫਰਵਰੀ ੧੩, ੨੦੦੩ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਹੋਈ, ਜਿਸ ਵਿਚ ਜਥੇਦਾਰ ਜੀ ਨੇ ਮੀਟਿੰਗ ਨੂੰ ਸੁਚਾਰੂ ਰੂਪ ਵਿਚ ਚਲਾਉਣ ਤੇ ਪ੍ਰੈਸ ਨੂੰ

ਸੰਬੋਧਿਤ ਕਰਨ ਲਈ ਪ੍ਰੋ. ਦਰਸ਼ਨ ਸਿੰਘ ਚੰਡੀਗੜ੍ਹ ਨੂੰ ਕਨਵੀਨਰ ਵਜੋਂ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ। ਬਾਹਰੋਂ ਆਏ ਵਿਸ਼ੇ ਦੇ ਮਾਹਿਰਾਂ ਨੂੰ ਕੈਲੰਡਰ ਬਾਰੇ ਬਿਨਾਂ ਝਿਜਕ, ਖੁਲ੍ਹ ਕੇ ਆਪਣੇ ਵਿਚਾਰ ਪ੍ਰਗਟਾਉਣ ਦੀ ਬੇਨਤੀ ਵੀ ਕੀਤੀ ਗਈ। ਵਿਦਵਾਨਾਂ ਦੇ ਵਿਚਾਰ ਸੁਣਨ ਉਪਰੰਤ ਨਾਨਕਸ਼ਾਹੀ ਕੈਲੰਡਰ ਲਈ ਮਾਪਦੰਡ ਨਿਰਧਾਰਤ ਕੀਤੇ ਗਏ, ਜੋ ਇਸ ਪ੍ਰਕਾਰ ਹਨ:

੧. ਭਾਰਤ ਵਿਚ ਚਲ ਰਹੇ ਸੂਰਜੀ ਤੇ ਚੰਦ੍ਰ ਸਾਲ ਕੈਲੰਡਰਾਂ ਵਿਚ ਕਈ ਕਿਸਮ ਦੀਆਂ ਤਰੁੱਟੀਆਂ ਹਨ ਜਿਸ ਕਰਕੇ ਗੁਰਪੁਰਬਾਂ ਦੀਆਂ ਤਾਰੀਖਾਂ ਅੱਗੇ-ਪਿੱਛੇ ਹੁੰਦੀਆਂ ਰਹਿੰਦੀਆਂ ਹਨ। ਇਸ ਲਈ ਸਿੱਖ ਪੰਥ ਨੂੰ ਇਕ ਨਵੇਂ ਕੈਲੰਡਰ ਦੀ ਜ਼ਰੂਰਤ ਹੈ ਜਿਸ ਦਾ ਆਧਾਰ ਗੁਰਬਾਣੀ ਤੋਂ ਇਲਾਵਾ ਵਿਗਿਆਨਕ ਸੂਝ ਵੀ ਹੋਵੇ।

੨. ਉਪਰੋਕਤ ਅਨੁਸਾਰ ਜੋ ਨਵਾਂ ਕੈਲੰਡਰ ਬਣੇਗਾ ਉਸ ਨੂੰ ਨਾਨਕਸ਼ਾਹੀ ਜੰਤਰੀ ਨਹੀਂ ਬਲਕਿ ਨਾਨਕਸ਼ਾਹੀ ਕੈਲੰਡਰ ਕਰਕੇ ਜਾਣਿਆ ਜਾਵੇਗਾ।

੩. ਨਾਨਕਸ਼ਾਹੀ ਕੈਲੰਡਰ ਸੂਰਜੀ-ਮੌਸਮ ਸਾਲ *(Tropical Year)* ਦੀ ਲੰਬਾਈ ਉਪਰ ਆਧਾਰਤ ਹੋਵੇਗਾ।

੪. ਨਾਨਕਸ਼ਾਹੀ ਸੰਮਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ਸਾਲ ਤੋਂ ਹੋਵੇਗਾ ਭਾਵ ੧੫੨੬ ਬਿ. ਚੇਤ ਤੋਂ।

੫. ਨਾਨਕਸ਼ਾਹੀ ਕੈਲੰਡਰ ਦੇ ਸਾਲ ਦਾ ਪਹਿਲਾ ਮਹੀਨਾ ਗੁਰਬਾਣੀ ਵਿਚ ਵਰਣਿਤ ਬਾਰਾਂ ਮਾਹਿਆਂ ਅਨੁਸਾਰ ਚੇਤ ਤੇ ਅਖੀਰਲਾ ਮਹੀਨਾ ਫੱਗਣ ਹੋਵੇਗਾ।

੬. ਨਾਨਕਸ਼ਾਹੀ ਸਾਲ ਦੇ ਪਹਿਲੇ ਪੰਜ ਮਹੀਨੇ- ਚੇਤ, ਵੈਸਾਖ, ਜੇਠ, ਹਾੜ, ਸਾਵਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ ੩੧ ਹੋਵੇਗੀ। ਪਿਛਲੇ ਸੱਤ ਮਹੀਨਿਆਂ ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ ਤੇ ਫੱਗਣ (ਹਰ ਮਹੀਨੇ) ਦੇ ਦਿਨਾਂ ਦੀ ਗਿਣਤੀ ੩੦ ਹੋਵੇਗੀ।

੭. ਸਾਂਝੇ ਸੰਮਤ *(Common Era)* ਅਨੁਸਾਰ ਆਉਂਦੇ ਲੀਪ ਦੇ ਸਾਲ ਵਿਚ ਨਾਨਕਸ਼ਾਹੀ ਸਾਲ ਦਾ ਆਖਰੀ ਮਹੀਨਾ ਫੱਗਣ ੩੧ ਦਿਨਾਂ ਦਾ ਹੋਵੇਗਾ।

੮. ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਤਾਰੀਖ ਰਾਤ ਦੇ ੧੨ ਵਜੇ ਆਰੰਭ ਹੋਵੇਗੀ।

੯. ਸੂਰਜ ਉਦੇ ਦਾ ਸਮਾਂ ਨਿਰਧਾਰਤ ਕਰਨ ਲਈ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਰੇਖਾਂਸ਼ *(Longitude)* ਤੇ ਅਕਸ਼ਾਂਸ *(Latitude)* ਨੂੰ ਕੇਂਦਰ ਮੰਨਿਆ ਜਾਵੇਗਾ।

੧੦. ਖਾਲਸੇ ਦੇ ੩੦੦ ਸਾਲਾ ਸਿਰਜਨਾ ਦਿਵਸ ਭਾਵ ੫੩੧ ਨਾਨਕਸ਼ਾਹੀ ਮੁਤਾਬਕ ੧੯੯੯ ਈ. ਵਿਚ ਵੈਸਾਖੀ ਤੋਂ ਗੁਰਪੁਰਬਾਂ ਤੇ ਸਿੱਖ ਇਤਿਹਾਸ ਦੇ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖਾਂ ਵਿਚ ਬਦਲ ਦਿੱਤਾ ਜਾਵੇਗਾ। ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਲਈ ਅੰਗਰੇਜ਼ੀ ਤਾਰੀਖ਼ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ।

੧੧. ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਪੰਥ ਵਿਚ ਕੱਤਕ ਸੁਦੀ ੧੫ (ਪੂਰਨਮਾਸ਼ੀ) ਨੂੰ ਮਨਾਉਣ ਦੀ ਪ੍ਰਥਾ ਕਾਫੀ ਦੇਰ ਤੋਂ ਚਲੀ ਆ ਰਹੀ ਹੈ। ਸਿੱਖ ਪੰਥ ਦੇ ਅਗਲੇ ਫੈਸਲੇ ਤੱਕ ਇਹ ਗੁਰਪੁਰਬ ਪਹਿਲੀ ਵੈਸਾਖ ਦੀ ਬਜਾਇ ਕੱਤਕ ਸੁਦੀ ੧੫, ਪੂਰਨਮਾਸ਼ੀ ਨੂੰ ਹੀ ਮਨਾਇਆ ਜਾਵੇਗਾ।

੧੨. ਇਸੇ ਤਰ੍ਹਾਂ ਸਭਿਆਚਾਰਕ ਤੇ ਇਤਿਹਾਸਕ ਤੌਰ 'ਤੇ ਮਹੱਤਵਪੂਰਣ ਤਿਉਹਾਰ ਦੀਵਾਲੀ ਤੇ ਹੋਲਾ ਮਹੱਲਾ ਪਹਿਲੇ ਦੀ ਤਰ੍ਹਾਂ ਪ੍ਰਚਲਿਤ ਪਰੰਪਰਾ ਅਨੁਸਾਰ ਮਨਾਏ ਜਾਣਗੇ।

੧੩. ਨਾਨਕਸ਼ਾਹੀ ਕੈਲੰਡਰ ਵਿਚ ਨਾਨਕਸ਼ਾਹੀ ਸੰਗਰਾਂਦ ਦੇ ਨਾਲ ਨਾਲ ਮੱਸਿਆ ਤੇ ਪੂਰਨਮਾਸ਼ੀ ਦੀਆਂ ਤਾਰੀਖ਼ਾਂ ਵੀ ਦਰਸਾਈਆਂ ਜਾਣਗੀਆਂ।

ਉਪਰੋਕਤ ਮਾਪਦੰਡਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਦੇ ਮੁੱਢਲੇ ਖਰੜੇ ਉੱਪਰ ਨਜ਼ਰਸਾਨੀ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ੧੦ ਮਾਰਚ ਤੇ ੨੦ ਮਾਰਚ ੨੦੦੩ ਨੂੰ ਦੋ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿਚ ਵਿਸ਼ੇਸ਼ ਤੌਰ 'ਤੇ ਸੱਦੇ ਸਿੱਖ ਵਿਦਵਾਨਾਂ, ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਦੇ ਬਹੁਮੁੱਲੇ ਵਿਚਾਰਾਂ ਤੋਂ ਵੀ ਲਾਭ ਉਠਾਇਆ ਗਿਆ। ਜਿਨ੍ਹਾਂ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ

ਵਿਚ ਭੇਜੇ ਸਨ, ਉਨ੍ਹਾਂ ਨੂੰ ਵੀ ਵਿਚਾਰਿਆ ਗਿਆ। ਸਿੱਖ ਇਤਿਹਾਸ ਦੀਆਂ ਤਾਰੀਖਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲ ਕਰਨ ਲਈ ਕੈਲੰਡਰ ਨਿਰਣੈ ਕਮੇਟੀ ਦੀ ਸਬ-ਕਮੇਟੀ ਦੀ ਇਕ ਮੀਟਿੰਗ ੧੮ ਮਾਰਚ ੨੦੦੩ ਨੂੰ ਡਾ. ਬਲਵੰਤ ਸਿੰਘ ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਇਕ ੨੩ ਮਾਰਚ ੨੦੦੩ ਨੂੰ ਸ.ਅਨੁਰਾਗ ਸਿੰਘ, ਲੁਧਿਆਣਾ ਦੇ ਘਰ ਵੀ ਕੀਤੀ ਗਈ।

ਅੰਤ ੨੮ ਮਾਰਚ ੨੦੦੩ ਨੂੰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਿੱਖ ਵਿਦਵਾਨਾਂ, ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਇਕ ਹੋਰ ਵੱਡਾ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਕੈਲੰਡਰ ਨਿਰਣੈ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਗਈ। ਫਿਰ ਸੰਗਤ ਵਿਚ ਹਾਜ਼ਰ ਵਿਦਵਾਨਾਂ ਤੇ ਨੁਮਾਇੰਦਿਆਂ ਨੂੰ ਨਾਨਕਸ਼ਾਹੀ ਕੈਲੰਡਰ ਦੇ ਨਵੇਂ ਖਰੜੇ ਉੱਪਰ ਵਿਚਾਰ ਪੇਸ਼ ਕਰਨ ਦੀ ਬੇਨਤੀ ਵੀ ਕੀਤੀ ਗਈ। ਫਲਸਰੂਪ ਜਦ ਨਾਨਕਸ਼ਾਹੀ ਕੈਲੰਡਰ ਦੇ ਇਸ ਖਰੜੇ ਨੂੰ ਸਰਬ ਸੰਮਤੀ ਨਾਲ ਸਵੀਕਾਰ ਕਰਨ ਦਾ ਐਲਾਨ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕੀਤਾ ਤਾਂ ਜੈਕਾਰਿਆਂ ਦੀ ਗੂੰਜ ਵਿਚ ਇਸ ਦਾ ਸਵਾਗਤ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਦੀ ਸਰਬਸੰਮਤੀ ਨਾਲ ਪ੍ਰਵਾਨਗੀ ਸੰਬੰਧੀ ਜੋ ਪੱਤਰ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਉਹ ਇਸ ਪ੍ਰਕਾਰ ਹੈ :

"ਨਾਨਕਸ਼ਾਹੀ ਕੈਲੰਡਰ ਬਾਰੇ ਨਿਰਣਾ ਕਰਨ ਲਈ ਸਿੱਖ ਵਿਦਵਾਨਾਂ, ਸਿੱਖ ਇਤਿਹਾਸਕਾਰਾਂ ਅਤੇ ਕੈਲੰਡਰ ਮਾਹਿਰਾਂ ਦੀ ੧੧ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਨੇ ਵੱਖ-ਵੱਖ ਪੰਥਕ ਸੰਪ੍ਰਦਾਵਾਂ, ਸੰਸਥਾਵਾਂ ਦੇ ਪ੍ਰਤੀਨਿਧਾਂ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਤੇ ਘੋਖ ਕਰਨ ਉਪਰੰਤ ਨਾਨਕਸ਼ਾਹੀ ਕੈਲੰਡਰ ਤਿਆਰ ਕਰ ਦਿੱਤਾ ਹੈ। ੨੮ ਮਾਰਚ ੨੦੦੩ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਇਕੱਤਰਤਾ ਵਿਚ ਇਸ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਕੈਲੰਡਰ ਦੀ ਇਕ ਕਾਪੀ ਆਪ ਜੀ ਨੂੰ ਭੇਜੀ ਜਾ ਰਹੀ ਹੈ, ਜਿਸ ਨੂੰ ਪ੍ਰਕਾਸ਼ਤ ਕਰਕੇ ਸਿੱਖ ਜਗਤ 'ਚ ਪ੍ਰਚਾਰਨ ਤੇ ਲਾਗੂ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾਣ।"

ਸਿੰਘ ਸਾਹਿਬ ਦੁਆਰਾ ਪ੍ਰਵਾਨ ਕੀਤੇ ਇਸ ਖਰੜੇ ਨੂੰ ਜਦ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੯ ਮਾਰਚ ੨੦੦੩ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਪੇਸ਼ ਕੀਤਾ ਤਾਂ ਉਥੇ ਵੀ ਇਸ ਦਾ ਭਰਪੂਰ ਸਵਾਗਤ ਕੀਤਾ ਗਿਆ। ਉਪਰੋਕਤ ਅਜਲਾਸ ਵਿਚ ਪਾਸ ਹੋਇਆ ਮਤਾ ਇਸ ਪ੍ਰਕਾਰ ਹੈ:

ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੁੱਜੇ ਪੱਤਰ ਅ:ਤ: ੦੩/੩੦੪੫ ਮਿਤੀ ੨੮.੩.੨੦੦੩ ਅਨੁਸਾਰ ਨਾਨਕਸ਼ਾਹੀ ਕੈਲੰਡਰ, ਧਰਮ ਪ੍ਰਚਾਰ ਕਮੇਟੀ ਦੇ ਮਤਾ ਨੰ: ੬੯੮ ਮਿਤੀ ੧੦-੧੨-੯੭, ਅੰਤ੍ਰਿੰਗ ਕਮੇਟੀ ਦੇ ਮਤਾ ਨੰ: ੧੭੮ ਮਿਤੀ ੧੫-੯-੯੭ ਜਨਰਲ ਹਾਊਸ ਦੇ ਮਤਾ ਨੰ: ੧੦੦ ਮਿਤੀ ੧੮-੩-੯੮ ਰਾਹੀਂ ਪ੍ਰਵਾਨ ਹੋ ਕੇ ਲਾਗੂ ਕਰਨ ਦਾ ਫੈਸਲਾ ਹੋਇਆ ਸੀ, ਨੂੰ ਗੁਰਪੁਰਬਾਂ ਅਤੇ ਵਿਸ਼ੇਸ਼ ਦਿਨ-ਦਿਹਾਰਾਂ ਦੀਆਂ ਤਾਰੀਖ਼ਾਂ ਸੋਧਣ ਲਈ ਰੋਕ ਲਾ ਦਿੱਤੀ ਸੀ। ਜੋ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ੧੧ ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਵਲੋਂ ਆਪਣੀਆਂ ਵੱਖ-ਵੱਖ ਮੀਟਿੰਗਾਂ ਰਾਹੀਂ ਸਿੱਖ ਕੌਮ ਦੀਆਂ ਸਮੁੱਚੀਆਂ ਧਾਰਮਿਕ ਜਥੇਬੰਦੀਆਂ, ਸਿੰਘ ਸਭਾਵਾਂ ਤੇ ਬੁੱਧੀਜੀਵੀਆਂ ਦੇ ਸੁਝਾਵਾਂ ਨੂੰ ਘੋਖ ਕੇ ਮਿਤੀ ੨੮ ਮਾਰਚ ੨੦੦੩ ਨੂੰ ਸਰਬ ਸੰਮਤੀ ਨਾਲ ਸੋਧੀਆਂ ਹੋਈਆਂ ਤਾਰੀਖਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਸਹਿਮਤੀ ਪ੍ਰਗਟਾ ਦਿੱਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਪਹਿਲੇ ਹੋਏ ਫੈਸਲਿਆਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ੧੧ ਮੈਂਬਰੀ ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀ ਸੰਮਤੀ ਰੀਪੋਰਟ ਦੇ ਆਧਾਰ 'ਤੇ ਸੋਧੀਆਂ ਹੋਈਆਂ ਤਾਰੀਖਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਨੂੰ ਵੈਸਾਖੀ ੨੦੦੩ ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਇਸ ਖਰੜੇ ਮੁਤਾਬਕ ਡਾਇਰੀ ਅਤੇ ਕੈਲੰਡਰ ਆਦਿ ਸ. ਪਾਲ ਸਿੰਘ ਪੁਰੇਵਾਲ ਦੀ ਦੇਖ-ਰੇਖ ਹੇਠ

ਧਰਮ ਪ੍ਰਚਾਰ ਕਮੇਟੀ ਵੱਲੋਂ ਮਨਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਮੱਦ ਵਿਚੋਂ ਖਰਚ ਕਰਕੇ ਛਪਵਾਉਣ ਦੀ ਪ੍ਰਵਾਨਗੀ ਦਿੰਦਾ ਹੈ। ਇਹ ਅਜਲਾਸ ਵੈਸਾਖੀ ੨੦੦੩ ਤੋਂ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ ਗੁਰਪੁਰਬ ਅਤੇ ਹੋਰ ਦਿਨ-ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾਣ ਲਈ ਸਿੱਖ ਸੰਗਤਾਂ ਨੂੰ ਸਮਾਜਿਕ ਅਤੇ ਪਰਿਵਾਰਕ ਕਾਰ-ਵਿਹਾਰ ਇਸ ਕੈਲੰਡਰ ਅਨੁਸਾਰ ਕਰਨ ਦੀ ਅਪੀਲ ਕਰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਅਜਲਾਸ ਸਿੱਖ ਪੰਥ ਦੇ ਨਿਰਾਲੇ, ਨਿਆਰੇ ਤੇ ਨਿਵੇਕਲੇ ਸਰੂਪ ਨੂੰ ਦ੍ਰਿੜ੍ਹ ਕਰਾਉਣ ਵਾਲਾ, ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਾਰ ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਲਈ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬਾਨ ਅਤੇ ੧੧ ਮੈਂਬਰੀ ਕਮੇਟੀ ਵੱਲੋਂ ਕੀਤੀ ਗਈ ਅਣਥੱਕ ਮਿਹਨਤ ਦੀ ਭਰਪੂਰ ਪ੍ਰਸ਼ੰਸਾ ਕਰਦਾ ਹੈ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀਆਂ ਵੱਖੋ-ਵੱਖਰੀਆਂ ਮੀਟਿੰਗਾਂ ਵਿਚ ਸ਼ਾਮਿਲ ਹੋ ਕੇ ਜਿਨ੍ਹਾਂ ਸਿੱਖ ਵਿਦਵਾਨਾਂ, ਪੰਥਕ ਪ੍ਰਤੀਨਿਧਾਂ, ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਅਮਲੀ ਰੂਪ ਵਿਚ ਲਿਆਉਣ ਦੀ ਪ੍ਰਕ੍ਰਿਆ ਵਿਚ ਆਪਣਾ ਯੋਗਦਾਨ ਪਾਇਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

੧. ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ।
੨. ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ।
੩. ਪ੍ਰੋ. ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
੪. ਸ. ਹਰਬੇਅੰਤ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮਟੀ, ਅੰਮ੍ਰਿਤਸਰ।
੫. ਸ. ਰਘਬੀਰ ਸਿੰਘ ਨਿੱਜੀ ਸਹਾਇਕ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
੬. ਸ. ਤਰਸੇਮ ਸਿੰਘ, ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ।
੭. ਸ. ਅਵਤਾਰ ਸਿੰਘ ਹਿਤ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਦਿੱਲੀ।
੮. ਸ. ਜਗਮੋਹਨ ਸਿੰਘ ਟੋਨੀ, ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।
੯. ਡਾ. ਖੜਕ ਸਿੰਘ, ਚੰਡੀਗੜ੍ਹ।
੧੦. ਸ. ਮਨਜੀਤ ਸਿੰਘ ਕਲਕੱਤਾ, ਅੰਮ੍ਰਿਤਸਰ।
੧੧. ਪ੍ਰੋ. ਗੁਰਬਚਨ ਸਿੰਘ ਬਚਨ, ਅੰਮ੍ਰਿਤਸਰ।
੧੨. ਸੰਤ ਬਾਬਾ ਕਸ਼ਮੀਰਾ ਸਿੰਘ, ਮੁਖੀ, ਸੰਤ ਸਮਾਜ, ਜਲੰਧਰ।
੧੩. ਸੰਤ ਤੇਜਾ ਸਿੰਘ, ਨਿਰਮਲ ਪੰਥ, ਖੁੱਡਾ, ਹੁਸ਼ਿਆਰਪੁਰ।
੧੪. ਭਾਈ ਅਜੈਬ ਸਿੰਘ ਅਭਿਆਸੀ, ਦਮਦਮੀ ਟਕਸਾਲ।
੧੫. ਸ. ਕੁਲਵੰਤ ਸਿੰਘ ਉਰਦਨ, ਤਹਿ: ਅਜਨਾਲਾ, ਅੰਮ੍ਰਿਤਸਰ।
੧੬. ਗਿਆਨੀ ਅਜੀਤ ਸਿੰਘ, ਮੋਗਾ।
੧੭. ਕਰਨਲ ਸੁਰਜੀਤ ਸਿੰਘ ਨਿਸ਼ਾਨ, ਚੰਡੀਗੜ੍ਹ।
੧੮. ਸ. ਅਨੁਰਾਗ ਸਿੰਘ, ਲੁਧਿਆਣਾ।
੧੯. ਪ੍ਰੋ. ਸੂਬਾ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ।
੨੦. ਡਾ. ਸੁਖਪ੍ਰੀਤ ਸਿੰਘ ਉਦੋਕੇ।
੨੧. ਡਾ. ਗੁਰਦੇਵ ਸਿੰਘ ਗਿਰਗਿਲਾ, ਅੰਮ੍ਰਿਤਸਰ।
੨੨. ਪ੍ਰਿੰ. ਸੰਤੋਖ ਸਿੰਘ, ਸਿੰਘ ਸਭਾ, ਅੰਮ੍ਰਿਤਸਰ।
੨੩. ਪ੍ਰੋ. ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
੨੪. ਭਾਈ ਜਸਬੀਰ ਸਿੰਘ ਰੋਡੇ, ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ।
੨੫. ਗਿਆਨੀ ਕੇਵਲ ਸਿੰਘ, ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ।
੨੬. ਸ. ਜਸਵਿੰਦਰ ਸਿੰਘ ਐਡਵੋਕੇਟ, ਅਕਾਲ ਪੁਰਖ ਕੀ ਫੌਜ, ਅੰਮ੍ਰਿਤਸਰ।
੨੭. ਜਥੇਦਾਰ ਕੁਲਦੀਪ ਸਿੰਘ ਵਡਾਲਾ।
੨੮. ਡਾ. ਬਿਕਰਮ ਸਿੰਘ ਗੁਰਮਤਿ ਕਾਲਜ, ਪਟਿਆਲਾ।
੨੯. ਸ. ਬਲਵੰਤ ਸਿੰਘ ਬਹੋੜੂ, ਅੰਮ੍ਰਿਤਸਰ।
੩੦. ਸ. ਹਰਕਰਮਜੀਤ ਸਿੰਘ ਢਿੱਲੋਂ, ਪਟਿਆਲਾ।
੩੧. ਸ. ਚਮਕੌਰ ਸਿੰਘ ਐਡੀਟਰ, ਗੁਰਮਤਿ ਪ੍ਰਕਾਸ਼।

੩੨. ਪ੍ਰਿੰ. ਰਜਿੰਦਰ ਸਿੰਘ, ਕਪੂਰਥਲਾ।
੩੩. ਡਾ. ਹਰਜਿੰਦਰ ਸਿੰਘ ਦਿਲਗੀਰ।
੩੪. ਜਥੇਦਾਰ ਚੜ੍ਹਤ ਸਿੰਘ, ਨੁਮਾਇੰਦੇ ਨਿਹੰਗ ਸਿੰਘ ਜਥੇਬੰਦੀਆਂ।
੩੫. ਬਾਬਾ ਦਰਸ਼ਨ ਸਿੰਘ, ਦਸਮੇਸ਼ ਤਰਨਾ ਦਲ, ਨਿਹੰਗ ਸਿੰਘ ਜਥੇਬੰਦੀ।
੩੬. ਸ. ਚਰਨ ਸਿੰਘ ਲੋਹਾਰਾ, ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)।
੩੭. ਸ. ਕੰਵਰਪਾਲ ਸਿੰਘ, ਅਕਾਲ ਫੈਡਰੇਸ਼ਨ, ਅੰਮ੍ਰਿਤਸਰ।
੩੮. ਸ. ਇੰਦਰਜੀਤ ਸਿੰਘ ਗੋਗੋਆਣੀ, ਗੁਰਮਤਿ ਸਾਹਿਤ ਸਭਾ, ਅੰਮ੍ਰਿਤਸਰ।
੩੯. ਸ. ਸਵਰਨ ਸਿੰਘ, ਇੰਚਾਰਜ, ਸਿੱਖ ਮਿਸ਼ਨ, ਜੰਮੂ ਕਸ਼ਮੀਰ।
੪੦. ਸ. ਦਿਲਜੀਤ ਸਿੰਘ ਬੇਦੀ, ਇੰਚਾਰਜ ਪਬਲੀਸਿਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
੪੧. ਬਾਬਾ ਗੁਰਬਚਨ ਸਿੰਘ,ਮੁੱਖ ਸੇਵਾਦਾਰ, ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸੰਸਥਾ, ਅੰਮ੍ਰਿਤਸਰ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਦੀਆਂ ਮੀਟਿੰਗਾਂ ਵਿਚ ਵਿਚਾਰ ਪ੍ਰਗਟਾਉਣ ਵਾਲੇ ਉਪਰੋਕਤ ਸੱਜਣਾਂ ਤੇ ਸੰਸਥਾਵਾਂ ਤੋਂ ਇਲਾਵਾ ਕੁਝ ਵਿਦਵਾਨਾਂ ਤੇ ਸੰਸਥਾਵਾਂ ਨੇ ਆਪਣੇ ਸੁਝਾਅ ਲਿਖਤੀ ਰੂਪ ਵਿਚ ਵੀ ਭੇਜੇ, ਜਿਨ੍ਹਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:

੧. ਸ. ਤਰਲੋਚਨ ਸਿੰਘ ਚੇਅਰਮੈਨ ਨੈਸ਼ਨਲ ਕਮਿਸ਼ਨ ਫ਼ਾਰ ਮਾਇਨੌਰਟੀ, ਨਵੀਂ ਦਿੱਲੀ।
੨. ਯੂ. ਪੀ. ਸਿੱਖ ਪ੍ਰਤੀਨਿਧ ਬੋਰਡ, ਲਖਨਊ।
੩. ਡਾ. ਸੱਜਣ ਸਿੰਘ ਲਿਸ਼ਕ, ਪਟਿਆਲਾ।
੪. ਭਾਈ ਅਰਦਮਨ ਸਿੰਘ ਝਬਾਲ, ਪ੍ਰਧਾਨ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਅੰਮ੍ਰਿਤਸਰ।
੫. ਸ. ਜਰਨੈਲ ਸਿੰਘ, ਜਥੇਦਾਰ ਅਕਾਲੀ ਦਲ ਜਮਸ਼ੇਦਪੁਰ, ਝਾਰਖੰਡ।
੬. ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ, ਲੰਡਨ, ਇੰਗਲੈਂਡ।
੭. ਸ. ਪ੍ਰੀਤਮ ਸਿੰਘ, ਜਨਰਲ ਸਕੱਤਰ ਸ੍ਰੀ ਗੁਰੂ ਸਿੰਘ ਸਭਾ, ਮੱਧ ਪ੍ਰਦੇਸ਼ ਤੇ ਛਤੀਸਗੜ੍ਹ।
੮. ਸਿਵਲ ਲਾਈਨਜ਼ ਸਿੰਘ ਸਭਾ ਫੈਡਰੇਸ਼ਨ, ਦਿੱਲੀ।
੯. ਓਨਟੇਰੀਓ ਗੁਰਦੁਵਾਰਾਜ਼ ਕਮੇਟੀ, ਟੋਰੰਟੋ, ਕੈਨੇਡਾ।
੧੦. ਵਰਲਡ ਸਿੱਖ ਇੰਟਲੈਕਚੁਅਲ ਕੌਂਸਿਲ, ਨਾਰਥ ਅਮਰੀਕਾ।
੧੧. ਸ. ਸੰਤੋਖ ਸਿੰਘ, ਓਟਾਵਾ ਸਿੱਖ ਸੁਸਾਇਟੀ, ਕੈਨੇਡਾ।
੧੨. ਖਾਲਸਾ ਮਿਸ਼ਨ ਕਮੇਟੀ, ਅੰਮ੍ਰਿਤਸਰ।
੧੩. ਸ. ਪ੍ਰਿਤਪਾਲ ਸਿੰਘ ਬਿੰਦਰਾ, ਟੋਰੰਟੋ, ਕੈਨੇਡਾ।
੧੪. ਸ. ਲਾਲ ਸਿੰਘ, ਨਾਭਾ ਜੇਲ੍ਹ, ਨਾਭਾ।
੧੫. ਗਿਆਨੀ ਗੁਰਬਖ਼ਸ਼ ਸਿੰਘ ਰਾਹੀ, ਬਰਨਾਲਾ।
੧੬. ਸ. ਮਲੂਕ ਸਿੰਘ, ਚੰਡੀਗੜ੍ਹ।
੧੭. ਸ. ਬਲਬੀਰ ਸਿੰਘ ਸੂਚ, ਲੁਧਿਆਣਾ।
੧੮. ਸ. ਇੰਦਰਜੀਤ ਸਿੰਘ, ਮੋਹਾਲੀ।
੧੯. ਸ. ਕਰਨੈਲ ਸਿੰਘ ਗਿੱਲ, ਓਟਾਵਾ, ਕੈਨੇਡਾ।
੨੦. ਸ. ਜਸਪਾਲ ਸਿੰਘ ਪਲਾਹ, ਕੈਨੇਡਾ।
੨੧. ਸ. ਧਰਮ ਸਿੰਘ ਪੰਨੂ, ਆਸ਼ਵਾ, ਕੈਨੇਡਾ।
੨੨. ਸ. ਗੁਰਮੀਤ ਸਿੰਘ, ਆਸਟ੍ਰੇਲੀਆ।
੨੩. ਸ. ਪਰਮਜੀਤ ਸਿੰਘ, ਸ. ਨਰਿੰਦਰ ਸਿੰਘ ਢਿੱਲੋਂ, ਸ. ਅਵਤਾਰ ਸਿੰਘ ਸੰਧੂ, ਸ. ਪੂਰਨਜੀਤ ਸਿੰਘ, ਸ. ਮੋਹਨ ਸਿੰਘ, ਸਰੀ ਵੈਨਕੂਵਰ, ਕੈਨੇਡਾ।
੨੪. ਸ. ਬਹਾਦਰ ਸਿੰਘ (ਈ. ਮੇਲ ਰਾਹੀਂ)।
੨੫. ਸ. ਐਸ. ਐਸ. ਮਾਨ (ਈ. ਮੇਲ ਰਾਹੀਂ)।
੨੬. ਸ. ਅਮਨਦੀਪ ਸਿੰਘ ਗਰੇਵਾਲ (ਈ. ਮੇਲ ਰਾਹੀਂ)।
੨੭. ਸ. ਗੋਪਾਲ ਸਿੰਘ ਕੈਨੇਡਾ।

ਨਾਨਕਸ਼ਾਹੀ ਕੈਲੰਡਰ ਨਿਰਣੈ ਕਮੇਟੀ ਨੇ ਮੁਢਲੇ ਨਾਨਕਸ਼ਾਹੀ ਕੈਲੰਡਰ ਦਾ ਗਹਿਨ ਅਧਿਐਨ ਕਰਕੇ ਉਸ ਉਪਰ ਮੁੜ ਨਜ਼ਰਸਾਨੀ ਕੀਤੀ ਹੈ। ਇਤਿਹਾਸ ਦੇ ਵੱਖੋ-ਵੱਖਰੇ ਸ੍ਰੋਤਾਂ ਦਾ ਅਧਿਐਨ ਕਰਕੇ ਗੁਰੂ ਸਾਹਿਬਾਨ ਦੇ ਗੁਰਪੁਰਬ ਤੇ ਹੋਰ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਦਿਹਾੜਿਆਂ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੱਕੇ ਤੌਰ 'ਤੇ ਨਿਸ਼ਚਿਤ ਕਰ ਦਿੱਤਾ ਹੈ। ਤਾਰੀਖ਼ ਨਿਸ਼ਚਿਤ ਕਰਦਿਆਂ ਅੰਗਰੇਜ਼ੀ ਤਾਰੀਖ਼ਾਂ ਨੂੰ ਨਹੀਂ ਬਲਕਿ ਦੇਸੀ ਤਾਰੀਖ਼ਾਂ (ਚੇਤ, ਵੈਸਾਖ ਆਦਿ ਦੀਆਂ) ਨੂੰ ਧਿਆਨ ਵਿਚ ਰਖਿਆ ਹੈ। ਮਿਸਾਲ ਦੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ

(ਬਾਕੀ ਪੰਨਾ ੧੪ 'ਤੇ)

ਦਾ ਪ੍ਰਕਾਸ਼ ਦਿਹਾੜਾ ੨੩ ਪੋਹ ਦਾ ਹੈ ਤੇ ਇਹ ਹਮੇਸ਼ਾ ਹੀ ੨੩ ਪੋਹ ਨੂੰ ਆਇਆ ਕਰੇਗਾ। ਇਹ ਕੈਲੰਡਰ ਕਿਸੇ ਖ਼ਾਸ ਫਿਰਕੇ ਜਾਂ ਧਰਮ ਦਾ ਵਿਰੋਧ ਕਰਨ ਲਈ ਨਹੀਂ ਬਲਕਿ ਸਿੱਖ ਧਰਮ ਲਈ ਸਹੀ, ਸਾਇੰਟਿਫਿਕ ਤੇ ਵਧੇਰੇ ਉਪਯੋਗੀ ਕੈਲੰਡਰ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਬਣਾਇਆ ਹੈ। ਇਹ ਧਿਆਨ ਵੀ ਰਖਿਆ ਹੈ ਕਿ ਪਰੰਪਰਾਗਤ ਕੈਲੰਡਰਾਂ ਦੇ ਉਲਟ ਇਹ ਕੈਲੰਡਰ ਸਰਲ ਤੇ ਸਾਦਾ ਹੋਵੇ ਤਾਂ ਕਿ ਇਸ ਨੂੰ ਲੋਕ ਸਹਿਜੇ ਹੀ ਸਮਝ ਤੇ ਅਪਣਾ ਸਕਣ। ਇਸੇ ਕਰਕੇ ਹੀ ਸਭਨਾਂ ਮਹੀਨਿਆਂ ਦੇ ਦਿਨ ੩੧ ਜਾਂ ੩੦ ਰੱਖੇ ਗਏ ਹਨ। ਕਿਉਂਕਿ ਨਾਨਕਸ਼ਾਹੀ ਕੈਲੰਡਰ ਦੀਆਂ ਸੰਗਰਾਂਦਾਂ ਸਾਂਝੇ ਸੰਨ ਦੀਆਂ ਤਾਰੀਖ਼ਾਂ ਵਿਚ ਨਿਸ਼ਚਿਤ ਕਰ ਦਿੱਤੀਆਂ ਗਈਆਂ ਹਨ ਇਸ ਲਈ ਭਵਿੱਖ ਵਿਚ ਜਦੋਂ ਕਦੀ ਵੀ ਸਾਂਝੇ ਸੰਨ ਵਿਚ ਸਮਾਯੋਜਨ *(Adjustment)* ਕੀਤੀ ਗਈ ਤਾਂ ਉਹ ਨਾਨਕਸ਼ਾਹੀ ਕੈਲੰਡਰ ਵਿਚ ਆਪਣੇ ਆਪ ਹੋ ਜਾਵੇਗੀ। ਸਹੂਲਤ ਲਈ ਨਾਨਕਸ਼ਾਹੀ ਕੈਲੰਡਰ ਦੇ ਬਰਾਬਰ ਪੈਂਦੀਆਂ ਸੰਨ ੨੦੨੦ ਤੱਕ ਦੀਆਂ ਹੋਲਾ ਮਹੱਲਾ, ਬੰਦੀ ਛੋੜ ਦਿਵਸ (ਦੀਵਾਲੀ) ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀਆਂ ਤਾਰੀਖ਼ਾਂ ਵੀ ਦੇ ਦਿੱਤੀਆਂ ਹਨ। ਸਥਾਨਕ ਮੇਲਿਆਂ ਦੀਆਂ ਤਾਰੀਖ਼ਾਂ ਨਿਸ਼ਚਿਤ ਕਰਨ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਮੀਦ ਹੈ ਕਿ ਇਹ ਨਾਨਕਸ਼ਾਹੀ ਕੈਲੰਡਰ ਗੁਰਮਤਿ ਤੋਂ ਪ੍ਰੇਰਿਤ ਹੋ ਕੇ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਇਆ ਭਵਿੱਖ ਵਿਚ ਪੰਥ ਦੇ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਏਗਾ। ■